ਮਿੱਠੇ ਬੱਚੇ:- " ਮਿੱਠੇ ਬੱਚੇ ਕੜੇ ਤੋਂ ਕੜੀ ਬੀਮਾਰੀ ਹੈ ਕਿਸੇ ਦੇ ਨਾਮ ਰੂਪ ਵਿੱਚ ਨਹੀਂ ਫੱਸਣਾ , ਅੰਤਰਮੁਖੀ ਬਣ ਇਸ ਬੀਮਾਰੀ ਦੀ ਜਾਂਚ ਕਰੋ ਇਸ ਤੋਂ ਮੁਕਤ ਬਣੋ "

ਪ੍ਰਸ਼ਨ:- ਨਾਮ - ਰੂਪ ਦੀ ਬੀਮਾਰੀ ਨੂੰ ਖਤਮ ਕਰਨ ਦੀ ਯੁਕਤੀ ਕੀ ਹੈ? ਇਸ ਤੋਂ ਕਿਹੜੇ - ਕਿਹੜੇ ਨੁਕਸਾਨ ਹੁੰਦੇ ਹਨ ?

ਉੱਤਰ:- ਨਾਮ - ਰੂਪ ਦੀ ਬੀਮਾਰੀ ਨੂੰ ਸਮਾਪਤ ਕਰਨ ਦੇ ਲਈ ਇੱਕ ਬਾਪ ਨਾਲ ਸੱਚਾ - ਸੱਚਾ ਲਵ ਰੱਖੋ। ਯਾਦ ਦੇ ਸਮੇ ਬੁੱਧੀ ਭਟਕਦੀ ਹੈ ਦੇਹਧਾਰੀਆਂ ਵਿੱਚ ਜਾਂਦੀ ਹੈ ਤੇ ਬਾਪ ਨੂੰ ਸੱਚ - ਸੱਚ ਦੱਸੋ। ਸੱਚ ਦੱਸਣ ਨਾਲ ਬਾਪ ਮਾਫ਼ ਕਰ ਦੇਣਗੇ। ਸਰਜਨ ਤੋਂ ਬੀਮਾਰੀ ਨੂੰ ਲੁਕਾਓ ਨਹੀਂ ਬਾਬਾ ਨੂੰ ਸੁਣਾਉਣ ਨਾਲ ਖ਼ਬਰਦਾਰ ਹੋ ਜਾਵਾਂਗੇ। ਬੁੱਧੀ ਕਿਸੇ ਦਾ ਨਾਮ ਰੂਪ ਵਿੱਚ ਲਟਕੀ ਹੋਈ ਹੈ ਤਾਂ ਬਾਪ ਨਾਲ ਬੁੱਧੀ ਜੁੜ ਨਹੀਂ ਸਕਦੀ ਉਹ ਸਰਵਿਸ ਦੇ ਬਜਾਏ ਡਿਸਰਵਿਸ ਕਰਦੇ ਹਨ। ਬਾਪ ਦੀ ਨਿੰਦਾ ਕਰਵਾਉਂਦੇ ਹਨ। ਇਵੇਂ ਦੇ ਨਿੰਦਕ ਬਹੁਤ ਕੜੀ ਸਜਾ ਦੇ ਭਾਗੀ ਬਣਦੇ ਹਨ।

ਓਮ ਸ਼ਾਂਤੀ। ਹੁਣ ਬੱਚੇ ਜਾਣਦੇ ਹਨ ਕਿ ਹਰ ਇੱਕ ਨੂੰ ਵਰਸਾ ਮਿਲਣਾ ਹੈ ਬਾਪ ਤੋਂ। ਭਰਾ ਨੂੰ ਭਰਾ ਤੋਂ ਕਦੇ ਵਰਸਾ ਨਹੀਂ ਮਿਲਦਾ ਅਤੇ ਫਿਰ ਭਰਾ ਤੇ ਭੈਣ ਜੋ ਵੀ ਹਨ ਉਨ੍ਹਾਂ ਨੂੰ ਹਰ ਇੱਕ ਦੀ ਅਵਸਥਾ ਦਾ ਪਤਾ ਨਹੀਂ ਲਗਦਾ ਹੈ। ਸਾਰੇ ਸਮਾਚਾਰ ਬਾਪਦਾਦਾ ਦੇ ਕੋਲ ਆਉਂਦੇ ਹਨ। ਇਹ ਹੈ ਪ੍ਰੈਕਟੀਕਲ ਵਿੱਚ। ਹਰ ਇੱਕ ਨੂੰ ਆਪਣੇ ਵਿੱਚ ਵੇਖਣਾ ਹੈ ਕਿ ਮੈ ਕਿਥੋਂ ਤੱਕ ਯਾਦ ਕਰਦਾ ਹਾਂ? ਕਿਸੇ ਦੇ ਨਾਮ - ਰੂਪ ਵਿੱਚ ਕਿਥੇ ਤੱਕ ਫਸਿਆ ਹੋਇਆ ਹਾਂ। ਸਾਡੀ ਆਤਮਾ ਦੀ ਵ੍ਰਿਤੀ ਕਿੱਥੋਂ -ਕਿੱਥੋਂ ਤੱਕ ਜਾਂਦੀ ਹੈ ? ਆਤਮਾ ਆਪ ਜਾਣਦੀ ਹੈ, ਆਪਣੇ ਨੂੰ ਆਤਮਾ ਹੀ ਸਮਝਣਾ ਪਵੇ। ਸਾਡੀ ਵ੍ਰਿਤੀ ਇੱਕ ਸ਼ਿਵਬਾਬਾ ਕੋਲ ਜਾਂਦੀ ਹੈ ਜਾਂ ਹੋਰ ਕਿਸੇ ਦੇ ਨਾਮ - ਰੂਪ ਵਿੱਚ ਜਾਂਦੀ ਹੈ ? ਜਿੰਨਾ ਹੋ ਸਕੇ ਆਪਣੇ ਨੂੰ ਆਤਮਾ ਸਮਝ ਇੱਕ ਬਾਬਾ ਨੂੰ ਯਾਦ ਕਰਨਾ ਹੈ ਤੇ ਸਭ ਭੁੱਲਦੇ ਜਾਣਾ ਹੈ ਆਪਣੇ ਦਿਲ ਤੋਂ ਪੁੱਛਣਾ ਹੈ ਕਿ ਸਾਡੀ ਦਿਲ ਬਾਪ ਤੇ ਸਿਵਾਏ ਹੋਰ ਕਿੱਥੇ ਭਟਕਦੀ ਤੇ ਨਹੀਂ ਹੈ ? ਕਿੱਥੇ ਧੰਦੇ - ਧੋਰੀ ਵਿੱਚ ਜਾਂ ਘਰ - ਗ੍ਰਹਿਸਤ ਮਿੱਤਰ - ਸੰਬੰਧੀਆਂ ਆਦਿ ਵੱਲ ਬੁੱਧੀ ਜਾਂਦੀ ਤੇ ਨਹੀਂ ਹੈ ? ਅੰਤਰਮੁਖੀ ਹੋ ਕੇ ਜਾਂਚ ਕਰਨੀ ਹੈ। ਜਦ ਇੱਥੇ ਬੈਠਦੇ ਹੋ ਤੇ ਆਪਣੀ ਜਾਂਚ ਕਰਨੀ ਹੈ। ਇੱਥੇ ਕੋਈ ਨਾ ਕੋਈ ਸਾਹਮਣੇ ਯੋਗ ਵਿੱਚ ਬੈਠਦੇ ਹਨ, ਉਹ ਵੀ ਸ਼ਿਵਬਾਬਾ ਨੂੰ ਹੀ ਯਾਦ ਕਰਦੇ ਹੋਣਗੇ। ਇਵੇਂ ਨਹੀਂ, ਆਪਣੇ ਬੱਚਿਆਂ ਨੂੰ ਯਾਦ ਕਰਦੇ ਹੋਣਗੇ। ਯਾਦ ਤਾਂ ਸ਼ਿਵਬਾਬਾ ਨੂੰ ਹੀ ਕਰਨਾ ਹੈ। ਇੱਥੇ ਬੈਠੇ ਹੀ ਸ਼ਿਵਬਾਬਾ ਦੀ ਯਾਦ ਵਿੱਚ ਹੋ ਫਿਰ ਭਾਵੇ ਕੋਈ ਅੱਖਾਂ ਖੋਲ ਕੇ ਬੈਠੇ ਹਨ ਜਾਂ ਅੱਖਾਂ ਬੰਦ ਕਰਕੇ ਬੈਠੇ ਹਨ। ਫਿਰ ਇਹ ਤਾਂ ਬੁੱਧੀ ਤੋਂ ਸਮਝ ਦੀ ਗੱਲ ਹੈ। ਆਪਣੀ ਦਿਲ ਤੋਂ ਪੁੱਛਣਾ ਹੁੰਦਾ ਹੈ - ਬਾਬਾ, ਕੀ ਸਮਝਾਉਂਦੇ ਹਨ। ਸਾਨੂੰ ਤਾਂ ਯਾਦ ਕਰਨਾ ਹੈ ਇੱਕ ਨੂੰ। ਇੱਥੇ ਜੋ ਬੈਠਣ ਵਾਲੇ ਹਨ, ਉਹ ਤਾਂ ਇੱਕ ਸ਼ਿਵਬਾਬਾ ਦੀ ਯਾਦ ਵਿੱਚ ਹੀ ਹੋਣਗੇ। ਤੁਹਾਨੂੰ ਨਹੀਂ ਵੇਖਣਗੇ ਕਿਓਂਕਿ ਉਨ੍ਹਾਂ ਨੂੰ ਤਾਂ ਕਿਸੇ ਦੀ ਵੀ ਅਵਸਥਾ ਦਾ ਪਤਾ ਨਹੀਂ ਹੈ। ਹਰ ਇੱਕ ਦਾ ਸਮਾਚਾਰ ਬਾਪ ਦੇ ਕੋਲ ਹੁੰਦਾ ਹੈ। ਉਹ ਜਾਣਦੇ ਹਨ ਕਿਹੜੇ - ਕਿਹੜੇ ਬੱਚੇ ਚੰਗੇ ਹਨ, ਜਿਨ੍ਹਾਂ ਦੀ ਲਾਇਨ ਕਲੀਅਰ ਹੈ। ਉਨ੍ਹਾਂ ਦਾ ਹੋਰ ਕਿਤੇ ਵੀ ਬੁੱਧੀ ਯੋਗ ਨਹੀਂ ਜਾਂਦਾ ਹੈ। ਇੰਦਾਂ ਵੀ ਹੁੰਦਾ ਹੈ, ਕੋਈ ਦਾ ਬੁੱਧੀ ਯੋਗ ਜਾਂਦਾ ਹੈ। ਫਿਰ ਮੁਰਲੀ ਸੁਣਨ ਨਾਲ ਚੇਂਜ ਵੀ ਹੁੰਦੇ ਰਹਿੰਦੇ ਹਨ। ਫੀਲ ਕਰਦੇ ਹਨ ਕਿ ਇਹ ਤਾਂ ਸਾਡੀ ਭੁੱਲ ਹੈ। ਸਾਡੀ ਦ੍ਰਿਸ਼ਟੀ - ਵ੍ਰਿਤੀ ਬਰੋਬਰ ਰਾਂਗ ਸੀ। ਹੁਣ ਇਸ ਨੂੰ ਬਿਲਕੁਲ ਰਾਈਟ ਕਰਨਾ ਹੈ। ਰਾਂਗ ਵ੍ਰਿਤੀ ਨੂੰ ਛੱਡ ਦੇਣਾ ਹੈ। ਇਹ ਬਾਪ ਸਮਝਾਓਂਦੇ ਹਨ, ਭਰਾ - ਭਰਾ ਨੂੰ ਨਹੀਂ ਸਮਝਾ ਸਕਦੇ। ਬਾਪ ਹੀ ਵੇਖਦੇ ਹਨ ਇਨ੍ਹਾਂ ਦੀ ਦ੍ਰਿਸ਼ਟੀ - ਵ੍ਰਿਤੀ ਕਿਵੇਂ ਦੀ ਹੈ। ਬਾਪ ਨੂੰ ਹੀ ਸਭ ਦਿਲ ਦਾ ਹਾਲ ਸੁਣਾਉਂਦੇ ਹਨ। ਸ਼ਿਵਬਾਬਾ ਨੂੰ ਦੱਸਦੇ ਹਨ ਤਾਂ ਦਾਦਾ ਸਮਝ ਜਾਂਦੇ ਹਨ। ਹਰ ਇੱਕ ਦੇ ਸੁਣਾਉਣ ਨਾਲ, ਵੇਖਣ ਨਾਲ ਵੀ ਸਮਝਦੇ ਹਨ। ਜਦ ਤੱਕ ਸੁਣੇ ਨਹੀਂ ਤੱਦ ਤੱਕ ਉਨ੍ਹਾਂ ਨੂੰ ਕੀ ਪਤਾ ਕਿ ਇਹ ਕੀ ਕਰਦੇ ਹਨ। ਐਕਟੀਵੀਟੀ ਨਾਲ, ਸਰਵਿਸ ਨਾਲ ਸਮਝ ਜਾਂਦੇ ਹਨ ਕਿ ਇਨ੍ਹਾਂ ਨੂੰ ਬਹੁਤ ਦੇਹ - ਅਭਿਮਾਨ ਹੈ, ਇਨ੍ਹਾਂ ਨੂੰ ਘੱਟ, ਇਨ੍ਹਾਂ ਦੀ ਐਕਟੀਵੀਟੀ ਠੀਕ ਨਹੀਂ ਹੈ। ਕੋਈ ਨਾ ਕੋਈ ਦੇ ਨਾਮ ਰੂਪ ਵਿੱਚ ਫਸਿਆ ਰਹਿੰਦਾ ਹੈ। ਬਾਬਾ ਪੁੱਛਦੇ ਹਨ, ਕੋਈ ਦੇ ਵੱਲ ਬੁੱਧੀ ਜਾਂਦੀ ਹੈ? ਕੋਈ ਸਾਫ ਦੱਸਦੇ ਹਨ, ਕੋਈ - ਕੋਈ ਫਿਰ ਨਾਮ ਰੂਪ ਵਿੱਚ ਇਵੇਂ ਫੱਸੇ ਹੋਏ ਹਨ, ਜੋ ਦੱਸਦੇ ਹੀ ਨਹੀਂ ਹਨ। ਆਪਣਾ ਹੀ ਨੁਕਸਾਨ ਕਰਦੇ ਹਨ। ਬਾਪ ਨੂੰ ਦੱਸਣ ਨਾਲ ਉਨ੍ਹਾਂ ਦੀ ਸ਼ਮਾ ਹੁੰਦੀ ਹੈ ਅਤੇ ਫਿਰ ਅੱਗੇ ਦੇ ਵਾਸਤੇ ਵੀ ਸੰਭਾਲ ਕਰਦੇ ਹਨ। ਬਹੁਤ ਹਨ ਜੋ ਆਪਣੀ ਵ੍ਰਿਤੀ ਸੱਚ ਨਹੀਂ ਦੱਸਦੇ, ਸ਼ਰਮ ਆਉਂਦੀ ਹੈ। ਜਿਵੇਂ ਕੋਈ ਉਲਟਾ ਕੰਮ ਕਰਦੇ ਹਨ ਤਾਂ ਸਰਜਨ ਨੂੰ ਦੱਸਦੇ ਨਹੀਂ ਹਨ, ਪਰ ਲੁਕਾਉਣ ਨਾਲ ਬੀਮਾਰੀ ਹੋਰ ਵੀ ਵੱਧ ਜਾਂਦੀ ਹੈ । ਇੱਥੇ ਵੀ ਇਵੇਂ ਹੈ। ਬਾਪ ਨੂੰ ਦੱਸਣ ਨਾਲ ਹਲਕੇ ਹੋ ਜਾਂਦੇ ਹਨ। ਨਹੀਂ ਤਾਂ ਉਹ ਅੰਦਰ ਵਿੱਚ ਰਹਿਣ ਨਾਲ ਭਾਰੀ ਰਹਿਣਗੇ। ਬਾਪ ਨੂੰ ਸੁਣਾਉਣ ਨਾਲ ਦੁਬਾਰਾ ਇਵੇਂ ਨਹੀਂ ਕਰਣਗੇ। ਅੱਗੇ ਵਾਸਤੇ ਆਪਣੇ ਤੇ ਖ਼ਬਰਦਾਰ ਵੀ ਰਹਿਣਗੇ। ਬਾਕੀ ਦੱਸਣਗੇ ਨਹੀਂ ਤਾਂ ਉਹ ਵੱਧਦਾ ਜਾਏਗਾ। ਬਾਪ ਜਾਣਦੇ ਹਨ ਇਹ ਸਰਵਿਸੇਬਲ ਬਹੁਤ ਹਨ, ਕੁਆਲੀਫਿਕੇਸ਼ਨ ਕਿਵੇਂ ਦੀ ਰਹਿੰਦੀ ਹੈ, ਸਰਵਿਸ ਵਿੱਚ ਵੀ ਕਿਵੇਂ ਰਹਿੰਦੇ ਹਨ? ਕਿਸੇ ਦੇ ਨਾਲ ਲਟਕੇ ਤੇ ਨਹੀਂ ਹਨ ? ਹਰ ਇੱਕ ਦੀ ਜਨਮ ਪਤਰੀ ਨੂੰ ਵੇਖਦੇ ਹਨ, ਫਿਰ ਉਨ੍ਹਾਂ ਨਾਲ ਇੰਨਾ ਲਵ ਰੱਖਦੇ ਹਨ। ਕਸ਼ਿਸ਼ ਕਰਦੇ ਹਨ। ਕੋਈ ਤਾਂ ਬਹੁਤ ਵਧੀਆ ਸਰਵਿਸ ਕਰਦੇ ਹਨ। ਕਦੀ ਵੀ ਕਿੱਥੇ ਵੀ ਉਨ੍ਹਾਂ ਦਾ ਬੁੱਧੀ ਯੋਗ ਨਹੀਂ ਜਾਂਦਾ। ਹਾਂ, ਪਹਿਲੇ ਜਾਂਦਾ ਸੀ ਹੁਣ ਖ਼ਬਰਦਾਰ ਹਨ। ਦੱਸਦੇ ਹਨ - ਹੁਣ ਮੈਂ ਖ਼ਬਰਦਾਰ ਹਾਂ। ਅੱਗੇ ਬਹੁਤ ਭੁੱਲਾਂ ਕਰਦੇ ਸੀ। ਸਮਝਦੇ ਹਨ ਦੇਹ-ਅਭਿਮਾਨ ਵਿੱਚ ਆਉਣ ਨਾਲ ਭੁੱਲਾਂ ਹੀ ਹੋਣਗੀਆਂ। ਫਿਰ ਪਦ ਤਾਂ ਭ੍ਰਿਸ਼ਟ ਹੋ ਜਾਵੇਗਾ। ਭਲ ਕਿਸੇ ਨੂੰ ਪਤਾ ਨਹੀਂ ਪੈਂਦਾ ਹੈ, ਪਰ ਪਦ ਤੇ ਭ੍ਰਸ਼ਟ ਹੋ ਹੀ ਜਾਵੇਗਾ। ਦਿਲ ਦੀ ਸਫ਼ਾਈ ਇਸ ਵਿੱਚ ਬਹੁਤ

ਚਾਹੀਦੀ ਹੈ ਤਾਂ ਹੀ ਤਾਂ ਉੱਚ ਪਦ ਪਾਉਣਗੇ। ਉਨ੍ਹਾਂ ਦੀ ਬੁੱਧੀ ਵਿੱਚ ਬਹੁਤ ਸਫਾਈ ਰਹਿੰਦੀ ਹੈ, ਜਿਵੇਂ ਇਸ ਲਕਸ਼ਮੀ - ਨਾਰਾਇਣ ਦੀ ਬੁੱਧੀ ਵਿੱਚ ਸਫਾਈ ਰਹਿੰਦੀ ਹੈ ਨਾ, ਤਦ ਹੀ ਤਾਂ ਉੱਚ ਪਦ ਪਾਇਆ ਹੈ। ਕੋਈ - ਕੋਈ ਦੇ ਲਈ ਸਮਝ ਜਾਂਦਾ ਹੈ ਇਨ੍ਹਾਂ ਦੇ ਨਾਮ - ਰੂਪ ਦੇ ਵੱਲ ਵ੍ਰਿਤੀ ਹੈ, ਦੇਹ - ਅਭਿਮਾਨੀ ਹੋ ਕੇ ਨਹੀਂ ਰਹਿੰਦੇ ਹਨ, ਇਸ ਕਾਰਣ ਪਦ ਵੀ ਘੱਟ ਹੁੰਦਾ ਗਿਆ ਹੈ। ਰਾਜਾ ਤੋਂ ਲੈ ਕੇ ਰੰਕ ਤਕ ਨੰਬਰਵਾਰ ਪਦ ਹੈ ਨਾ। ਇਹ ਕਿਉਂ ਹੁੰਦਾ ਹੈ? ਇਸ ਨੂੰ ਵੀ ਸਮਝਣਾ ਚਾਹੀਦਾ ਹੈ। ਨੰਬਰਵਾਰ ਤਾਂ ਜਰੂਰ ਬਣਦੇ ਹੀ ਹਨ। ਕਲਾਵਾਂ ਘੱਟ ਹੀ ਹੁੰਦੀਆਂ ਰਹਿੰਦੀਆਂ ਹਨ। ਜੋ 16 ਕਲਾ ਸੰਪੂਰਨ ਹੈ ਉਹ ਫਿਰ 14 ਕਲਾ ਵਿੱਚ ਆ ਜਾਂਦੇ ਹਨ। ਇਵੇਂ ਥੋੜਾ - ਥੋੜਾ ਘੱਟ ਹੁੰਦੇ - ਹੁੰਦੇ ਕਲਾਵਾਂ ਉਤਰਦੀਆਂ ਤਾਂ ਜਰੂਰ ਹਨ। 14 ਕਲਾ ਹਨ ਤਾਂ ਵੀ ਅੱਛਾ ਫਿਰ ਵਾਮ ਮਾਰਗ ਵਿੱਚ ਉਤਰਦੇ ਹਨ ਤਾਂ ਵਿਕਾਰੀ ਬਣ ਜਾਂਦੇ ਹਨ, ਉਮਰ ਹੀ ਘੱਟ ਹੋ ਜਾਂਦੀ ਹੈ। ਫਿਰ ਰਜੋ, ਤਮੋ ਗੁਣੀ ਬਣਦੇ ਜਾਂਦੇ ਹਨ। ਘੱਟ ਹੁੰਦੇ - ਹੁੰਦੇ ਵੀ ਪੁਰਾਣੇ ਹੁੰਦੇ ਜਾਂਦੇ ਹਨ। ਆਤਮਾ ਸ਼ਰੀਰ ਤੋਂ ਪੁਰਾਣੀ ਹੁੰਦੀ ਜਾਂਦੀ ਹੈ। ਇਹ ਸਾਰਾ ਗਿਆਨ ਹਾਲੇ ਤੁਸੀਂ ਬੱਚਿਆਂ ਵਿੱਚ ਹੈ। ਕਿਵੇਂ 16 ਕਲਾ ਤੋਂ ਉਤਰਦੇ - ਉਤਰਦੇ ਮਨੁੱਖ ਬਣ ਜਾਂਦੇ ਹਨ। ਦੇਵਤਾਵਾਂ ਦੀ ਮੱਤ ਤਾਂ ਹੁੰਦੀ ਨਹੀਂ। ਬਾਪ ਦੀ ਮੱਤ ਮਿਲੀ ਫਿਰ 21 ਜਨਮ ਮੱਤ ਦੀ ਲੋੜ ਹੀ ਨਹੀਂ ਰਹਿੰਦੀ ਹੈ। ਇਹ ਈਸ਼ਵਰੀ ਮੱਤ ਤੁਹਾਡੀ 21 ਜਨਮ ਚਲਦੀ ਹੈ ਫਿਰ ਜਦ ਰਾਵਣ ਰਾਜ ਚਲਦਾ ਹੈ ਤਾਂ ਤੁਹਾਨੂੰ ਮੱਤ ਮਿਲਦੀ ਹੈ ਰਾਵਣ ਦੀ। ਵਿਖਾਉਂਦੇ ਵੀ ਹਨ ਦੇਵਤੇ ਵਾਮ ਮਾਰਗ ਵਿੱਚ ਜਾਂਦੇ ਹਨ। ਹੋਰ ਧਰਮ ਵਾਲਿਆਂ ਦੀ ਇਵੇਂ ਦੀ ਗੱਲ ਨਹੀਂ ਹੁੰਦੀ ਹੈ। ਦੇਵਤੇ ਜਦ ਵਾਮ ਮਾਰਗ ਵਿੱਚ ਜਾਂਦੇ ਹਨ ਤਾਂ ਹੋਰ ਧਰਮ ਆਉਂਦੇ ਹਨ।

ਬਾਪ ਸਮਝਾਉਂਦੇ ਹਨ - ਬੱਚੇ, ਹੁਣ ਤਾਂ ਤੁਹਾਨੂੰ ਵਾਪਸ ਜਾਣਾ ਹੈ। ਇਹ ਪੁਰਾਣੀ ਦੁਨੀਆ ਹੈ। ਡਰਾਮਾ ਵਿੱਚ ਇਹ ਵੀ ਮੇਰਾ ਪਾਰ੍ਹ ਹੈ। ਪੁਰਾਣੀ ਦੁਨੀਆ ਨੂੰ ਨਵਾਂ ਬਣਾਉਣਾ ਇਹ ਵੀ ਤੁਸੀਂ ਸਮਝਦੇ ਹੋ। ਦੁਨੀਆ ਦੇ ਮਨੁੱਖ ਤਾਂ ਕੁਝ ਨਹੀਂ ਜਾਣਦੇ। ਤੁਸੀਂ ਇੰਨਾ ਸਮਝਾਉਂਦੇ ਹੋ ਫਿਰ ਵੀ ਕੋਈ ਵਧੀਆ ਰੁਚੀ ਨਹੀਂ ਵਿਖਾਉਂਦੇ ਹਨ, ਕੋਈ ਤਾਂ ਫਿਰ ਆਪਣੀ ਹੀ ਮੱਤ ਦਿੰਦੇ ਹਨ। ਇਹ ਲਕਸ਼ਮੀ - ਨਾਰਾਇਣ ਜਦ ਸੀ ਤਦ ਪਵਿੱਤਰਤਾ, ਸੁੱਖ, ਸ਼ਾਂਤੀ ਸਭ ਸੀ। ਪਵਿਤਰਤਾ ਦੀ ਹੀ ਮੁੱਖ ਗੱਲ ਹੈ। ਮਨੁੱਖ ਨੂੰ ਇਹ ਪਤਾ ਨਹੀਂ ਹੈ ਕਿ ਸਤਿਯੁਗ ਵਿੱਚ ਦੇਵਤਾ ਪਵਿੱਤਰ ਸੀ। ਉਹ ਤਾਂ ਸਮਝਦੇ ਹਨ ਦੇਵਤਾਵਾਂ ਨੂੰ ਵੀ ਬੱਚੇ ਆਦਿ ਹੋਏ ਹਨ, ਪਰ ਉੱਥੇ ਯੋਗ ਬਲ ਨਾਲ ਕਿਵੇਂ ਪੈਦਾ ਹੁੰਦੇ ਹਨ, ਇਹ ਤਾਂ ਕਿਸੇ ਨੂੰ ਪਤਾ ਨਹੀਂ ਹੈ। ਕਹਿੰਦੇ ਹਨ ਸਾਰੀ ਉਮਰ ਹੀ ਪਵਿੱਤਰ ਰਹਿਣਗੇ ਤਾਂ ਬੱਚੇ ਆਦਿ ਕਿਵੇਂ ਹੋਣਗੇ। ਉਨ੍ਹਾਂ ਨੂੰ ਸਮਝਾਉਣਾ ਹੈ ਇਸ ਸਮੇਂ ਪਵਿੱਤਰ ਹੋਣ ਨਾਲ ਫਿਰ ਅਸੀਂ 21 ਜਨਮ ਪਵਿੱਤਰ ਰਹਿੰਦੇ ਹਾਂ ਗੋਇਆ ਸ਼੍ਰੀਮਤ ਤੇ ਅਸੀਂ ਵਾਇਸਲੈਸ ਵਰਲਡ ਸਥਾਪਨ ਕਰ ਰਹੇ ਹਾਂ। ਸ਼੍ਰੀ ਮਤ ਹੈ ਹੀ ਬਾਪ ਦੀ। ਗਾਇਨ ਵੀ ਹੈ ਮਨੁੱਖ ਤੋਂ ਦੇਵਤਾ.. ਹੁਣੇ ਸਾਰੇ ਮਨੁੱਖ ਹਨ ਜੋ ਫਿਰ ਦੇਵਤਾ ਬਣਦੇ ਹਨ। ਹੁਣ ਸ਼੍ਰੀਮਤ ਤੇ ਅਸੀਂ ਡੀ. ਟੀ. ਗੌਰਮਿੰਟ ਦੀ ਸਥਾਪਨਾ ਕਰ ਰਹੇ ਹਾਂ। ਇਸ ਵਿੱਚ ਪਿਉਰਿਟੀ ਤਾਂ ਬਹੁਤ ਮੁੱਖ ਹੈ। ਆਤਮਾ ਨੂੰ ਵੀ ਪਿਉਰ ਬਣਨਾ ਹੈ। ਆਤਮਾ ਹੀ ਪੱਥਰ ਬੁੱਧੀ ਬਣੀ ਹੈ, ਇਕਦਮ ਕਲੀਅਰ ਕਰ ਦੱਸੋ। ਬਾਪ ਨੇ ਹੀ ਸਤਿਯੁਗੀ ਡੀ.ਟੀ. ਗੌਰਮਿੰਟ ਸਥਾਪਨਾ ਕੀਤੀ ਸੀ, ਜਿਸ ਨੂੰ ਪੈਰਾਡਾਇਸ ਕਹਿੰਦੇ ਹਨ। ਮਨੁੱਖ ਨੂੰ ਦੇਵਤਾ ਬਾਪ ਨੇ ਹੀ ਬਣਾਇਆ। ਮਨੁੱਖ ਸੀ ਪਤਿਤ, ਉਨ੍ਹਾਂ ਨੂੰ ਪਤਿਤ ਤੋਂ ਪਾਵਨ ਕਿਵੇਂ ਬਣਾਇਆ ? ਬੱਚਿਆਂ ਨੂੰ ਕਿਹਾ - ਮਾਮੇਕਮ ਯਾਦ ਕਰੋ ਤਾਂ ਤੁਸੀਂ ਪਾਵਨ ਬਣ ਜਾਵੋਗੇ। ਇਹ ਗੱਲ ਤੁਸੀਂ ਕਿਸੇ ਨੂੰ ਵੀ ਸੁਣਾਓਗੇ ਤੇ ਅੰਦਰ ਵਿੱਚ ਲੱਗੇਗਾ। ਹੁਣ ਪਤਿਤ ਤੋਂ ਪਾਵਨ ਕਿਵੇਂ ਬਣਾਂਗੇ ? ਜਰੂਰ ਬਾਪ ਨੂੰ ਯਾਦ ਕਰਨਾ ਹੋਵੇਗਾ। ਹੋਰਾਂ ਸੰਗ ਬੁੱਧੀ ਯੋਗ ਤੋੜ ਇੱਕ ਨਾਲ ਜੋੜਨਾ ਹੈ ਤਾਂ ਹੀ ਮਨੁੱਖ ਬਣ ਦੇਵਤਾ ਬਣ ਸਕਣਗੇ। ਇਵੇਂ ਸਮਝਾਉਣਾ ਚਾਹੀਦਾ ਹੈ। ਤੁਸੀਂ ਜੋ ਸਮਝਾਇਆ ਉਹ ਡਰਾਮਾ ਅਨੁਸਾਰ ਬਿਲਕੁਲ ਠੀਕ ਸੀ। ਇਹ ਤਾਂ ਸਮਝਦੇ ਹਨ ਫਿਰ ਵੀ ਦਿਨ - ਪ੍ਰਤੀਦਿਨ ਪੁਆਇੰਟਸ ਮਿਲਦੀ ਰਹਿੰਦੀ ਹੈ ਸਮਝਾਉਣ ਵਾਸਤੇ। ਮੂਲ ਗੱਲ ਹੈ ਹੀ ਕਿ ਅਸੀਂ ਪਤਿਤ ਤੋਂ ਪਾਵਨ ਕਿਸ ਤਰ੍ਹਾਂ ਬਣੀਏ! ਬਾਪ ਕਹਿੰਦੇ ਹਨ ਦੇਹ ਦੇ ਸਾਰੇ ਧਰਮ ਛੱਡ ਮਾਮੇਕਮ ਯਾਦ ਕਰੋ। ਇਸ ਪੁਰਸ਼ੋਤਮ ਸੰਗਮਯੁਗ ਨੂੰ ਵੀ ਤੁਸੀਂ ਬੱਚੇ ਹੀ ਜਾਣਦੇ ਹੋ। ਹੁਣ ਅਸੀਂ ਬ੍ਰਾਹਮਣ ਬਣੇ ਹਾਂ, ਪ੍ਰਜਾਪਿਤਾ ਬ੍ਰਹਮਾ ਦੀ ਸੰਤਾਨ। ਬਾਪ ਸਾਨੂੰ ਪੜ੍ਹਾਉਂਦੇ ਹਨ। ਬ੍ਰਾਹਮਣ ਬਣੇ ਬਗੈਰ ਅਸੀਂ ਦੇਵਤਾ ਕਿਵੇਂ ਬਣਾਂਗੇ। ਇਹ ਬ੍ਰਹਮਾ ਵੀ ਪੂਰੇ 84 ਜਨਮ ਲੈਂਦੇ ਹਨ, ਫਿਰ ਉਨ੍ਹਾਂ ਨੂੰ ਹੀ ਪਹਿਲਾ ਨੰਬਰ ਲੈਣਾ ਪੈਂਦਾ ਹੈ। ਬਾਪ ਆਕੇ ਪਰਵੇਸ਼ ਕਰਦੇ ਹਨ। ਤੇ ਮੂਲ ਗੱਲ ਹੈ ਹੀ ਇੱਕ - ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਦੇਹ ਅਭਿਮਾਨ ਵਿੱਚ ਆਉਣ ਨਾਲ ਕਿੱਥੇ ਨਾ ਕਿੱਥੇ ਲਟਕੇ ਰਹਿੰਦੇ ਹਨ। ਦੇਹ - ਅਭਿਮਾਨੀ ਤਾਂ ਸਾਰੇ ਬਣ ਨਾ ਸਕਣ। ਆਪਣੀ ਪੂਰੀ ਜਾਂਚ ਕਰੋ - ਅਸੀਂ ਕਿਤੇ ਦੇਹ - ਅਭਿਮਾਨ ਵਿੱਚ ਤਾਂ ਨਹੀਂ ਆਉਂਦੇ ਹਾਂ? ਸਾਡੇ ਤੋਂ ਕੋਈ ਵਿਕਰਮ ਤੇ ਨਹੀਂ ਹੁੰਦਾ ਹੈ ? ਬੇਕਾਇਦੇ ਚਲਣ ਤਾਂ ਨਹੀਂ ਹੁੰਦੀ ਹੈ ? ਬਹੁਤਿਆਂ ਤੋਂ ਹੁੰਦੀ ਹੈ। ਉਹ ਅੰਤ ਵਿੱਚ ਬਹੁਤ ਸਜ਼ਾ ਦੇ ਭਾਗੀ ਬਣਨਗੇ। ਭਲ ਹੁਣੇ ਕਰਮਾਤੀਤ ਅਵਸਥਾ ਨਹੀਂ ਹੋਈ ਹੈ। ਕਰਮਾਤੀਤ ਅਵਸਥਾ ਵਾਲੇ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਸਜ਼ਾਵਾਂ ਤੋਂ ਛੁੱਟ ਜਾਂਦੇ ਹਨ। ਖਿਆਲ ਕੀਤਾ ਜਾਂਦਾ ਹਾਂ - ਨੰਬਰਵਾਰ ਰਾਜਾ ਬਣਦੇ ਹਨ। ਜਰੂਰ ਕਿਸੇ ਦਾ ਘੱਟ ਪੁਰਸ਼ਾਰਥ ਰਹਿੰਦਾ ਹਾਂ, ਜਿਸ ਕਾਰਣ ਨਾਲ ਸਜਾ ਖਾਣੀ ਪੈਂਦੀ ਹੈ। ਆਤਮਾ ਹੀ ਗਰਭ ਜੇਲ ਵਿੱਚ ਸਜ਼ਾ ਭੋਗਦੀ ਹੈ। ਆਤਮਾ ਜਦ ਗਰਭ ਵਿੱਚ ਜਾਂਦੀ ਹੈ ਤਾਂ ਕਹਿੰਦੀ ਹੈ ਸਾਨੂੰ ਬਾਹਰ ਕੱਢੋ ਫਿਰ ਅਸੀਂ ਪਾਪ ਕਰਮ ਨਹੀਂ ਕਰਾਂਗੇ। ਆਤਮਾ ਹੀ ਸਜ਼ਾ ਖਾਂਦੀ ਹੈ। ਆਤਮਾ ਹੀ ਕਰਮ - ਵਿਕਰਮ ਕਰਦੀ ਹੈ। ਹੁਣ ਤੁਸੀਂ ਆਤਮਾਵਾਂ ਨੂੰ ਵਾਪਿਸ ਜਾਣਾ ਹੈ ਤਾਂ ਹੀ ਗਿਆਨ ਮਿਲਦਾ ਹੈ। ਫੇਰ ਕਦੀ ਇਹ ਗਿਆਨ ਮਿਲੇਗਾ ਨਹੀਂ। ਆਤਮ - ਅਭਿਮਾਨੀ ਸਾਰਿਆ ਨੂੰ ਭਰਾ - ਭਰਾ ਹੀ ਵੇਖਣਗੇ। ਸ਼ਰੀਰ ਦੀ ਗੱਲ ਨਹੀਂ ਰਹਿੰਦੀ ਹੈ। ਸੋਲ ਬਣ ਗਏ ਤਾਂ ਫਿਰ ਸ਼ਰੀਰ ਵਿੱਚ ਲਗਾਵ ਨਹੀਂ ਰਹੇਗਾ ਇਸਲਈ ਬਾਪ ਕਹਿੰਦੇ ਹਨ ਇਹ ਬਹੁਤ ਉੱਚੀ ਸਟੇਜ ਹੈ। ਭੈਣ - ਭਰਾ ਵਿਚ ਲਟਕ ਪੈਂਦੇ ਹਨ ਤਾਂ ਬਹੁਤ ਡਿਸਸਰਵਿਸ ਕਰਦੇ ਹਨ। ਆਤਮ - ਅਭਿਮਾਨੀ ਭਵ, ਇਸ ਵਿੱਚ ਹੀ ਮਿਹਨਤ ਹੈ। ਪੜ੍ਹਾਈ ਵਿੱਚ ਵੀ ਸਬਜੈਕਟ ਹੁੰਦੇ ਹਨ। ਸਮਝਦੇ ਹਨ ਅਸੀਂ ਉਸ ਵਿੱਚ ਫੇਲ ਹੋ ਜਾਵਾਂਗੇ। ਫੇਲ ਹੋਣ ਦੇ ਕਾਰਣ ਫਿਰ ਦੂਸਰੇ ਸਬਜੈਕਟ ਵਿੱਚ ਵੀ ਢਿਲੇ ਹੋ ਜਾਂਦੇ ਹਨ। ਹੁਣ ਤੁਹਾਡੀ ਆਤਮਾ ਬੁੱਧੀਯੋਗ ਬਲ ਨਾਲ ਸੋਨੇ ਦਾ ਬਰਤਨ ਹੁੰਦੀ ਜਾਂਦੀ ਹੈ। ਯੋਗ ਨਹੀਂ ਤਾਂ ਨਾਲੇਜ ਵੀ ਘੱਟ, ਉਹ ਤਾਕਤ ਨਹੀਂ ਰਹਿੰਦੀ ਹੈ।

ਯੋਗ ਦਾ ਜੋਹਰ ਨਹੀਂ, ਇਹ ਹੈ ਡਰਾਮੇ ਦੀ ਨੂੰਧ। ਬਾਬਾ ਸਮਝਾਉਂਦੇ ਹਨ ਬੱਚਿਆਂ ਨੂੰ ਆਪਣੀ ਅਵਸਥਾ ਕਿੰਨੀ ਵਧਾਉਣੀ ਚਾਹੀਦੀ ਹੈ। ਦੇਖਣਾ ਹੈ ਅਸੀਂ ਆਤਮਾ ਸਾਰੇ ਦਿਨ ਵਿੱਚ ਕੋਈ ਵੀ ਬੇਕਾਇਦੇ ਕੰਮ ਤਾਂ ਨਹੀਂ ਕਰਦੇ ਹਾਂ। ਕੋਈ ਵੀ ਇਵੇਂ ਦੀ ਆਦਤ ਹੋਵੇ ਤਾਂ ਫੋਰਨ ਛੱਡ ਦੇਣੀ ਚਾਹੀਦੀ ਹੈ। ਪਰੰਤੂ ਮਾਇਆ ਫਿਰ ਵੀ ਦੂਸਰੇ - ਤੀਸਰੇ ਦਿਨ ਭੁੱਲ ਕਰਵਾ ਦਿੰਦੀ ਹੈ। ਇਸ ਤਰ੍ਹਾਂ ਦੀਆਂ ਸੂਖਸ਼ਮ ਗੱਲਾਂ ਚਲਦੀਆਂ ਰਹਿੰਦੀਆਂ ਹਨ, ਇਹ ਹੈ ਸਭ ਗੁਪਤ ਗਿਆਨ। ਮਨੁੱਖ ਕੀ ਜਾਨਣ। ਤੁਸੀਂ ਦਸਦੇ ਹੋ ਅਸੀਂ ਆਪਣੇ ਹੀ ਖ਼ਰਚੇ ਨਾਲ ਆਪਣੇ ਲਈ ਸਭ ਕੁਝ ਕਰਦੇ ਹਾਂ। ਦੂਸਰਿਆਂ ਦੇ ਖਰਚੇ ਨਾਲ ਕਿਸ ਤਰ੍ਹਾਂ ਬਣਾਵਾਂਗੇ ਇਸਲਈ ਬਾਬਾ ਸਦਾ ਕਹਿੰਦੇ ਹਨ - ਮੰਗਣ ਤੋਂ ਮਰਨਾ ਚੰਗਾ। ਸਹਿਜ ਮਿਲੇ ਸੋ ਦੁੱਧ ਬਰਾਬਰ, ਮੰਗ ਲਿਆ ਸੋ ਪਾਣੀ। ਮੰਗ ਕੇ ਕਿਸੇ ਤੋਂ ਲੈਂਦੇ ਹੋ ਤਾਂ ਉਹ ਲਾਚਾਰੀ ਕਾਸ਼ੀ ਕਲਵਟ ਖਾਕੇ ਦਿੰਦੇ ਹਨ, ਤਾਂ ਉਹ ਪਾਣੀ ਹੋ ਜਾਂਦਾ ਹੈ। ਖਿੱਚ ਲਿਆ ਉਹ ਲਹੂ ਬਰਾਬਰ... ਕੋਈ ਬਹੁਤ ਤੰਗ ਕਰਦੇ ਹਨ, ਕਰਜ਼ਾ ਚੁਕਦੇ ਹਨ ਤਾਂ ਉਹ ਲਹੂ ਸਮਾਨ ਹੋ ਜਾਂਦਾ ਹੈ। ਕਰਜਾ ਲੈਣ ਦੀ ਕੋਈ ਇਵੇਂ ਦੀ ਲੋੜ ਨਹੀਂ ਹੈ। ਦਾਨ ਦੇ ਕੇ ਫਿਰ ਵਾਪਿਸ ਲਿਆ, ਉਸਤੇ ਵੀ ਹਰੀਸ਼ ਚੰਦਰ ਦਾ ਮਿਸਾਲ ਹੈ। ਇਵੇਂ ਵੀ ਨਾ ਕਰੋ। ਹਿੱਸਾ ਰੱਖ ਦੇਵੋ, ਜੋ ਤੁਹਾਡੇ ਕੰਮ ਵੀ ਆਏ। ਬੱਚਿਆਂ ਨੇ ਪੁਰਸ਼ਾਰਥ ਇਨ੍ਹਾਂ ਕਰਨਾ ਹੈ ਜੋ ਅੰਤ ਵਿੱਚ ਬਾਪ ਦੀ ਯਾਦ ਹੋਵੇ ਅਤੇ ਸਵਦਰਸ਼ਨ ਚੱਕਰ ਵੀ ਯਾਦ ਹੋਵੇ, ਤਾਂ ਪ੍ਰਾਣ ਤਨ ਵਿਚੋਂ ਨਿਕਲਣ। ਤਾਂ ਹੀ ਚੱਕਰਵਰਤੀ ਰਾਜਾ ਬਣ ਸਕਾਂਗੇ। ਇਵੇਂ ਨਹੀਂ ਪਿਛਾੜੀ ਵਿੱਚ ਯਾਦ ਕਰ ਸਕੋਂਗੇ, ਉਸ ਵਕ਼ਤ ਇਵੇਂ ਦੀ ਅਵਸਥਾ ਹੋ ਜਾਵੇਗੀ। ਨਹੀਂ, ਹੁਣੇ ਤੋਂ ਪੁਰਸ਼ਾਰਥ ਕਰਦੇ - ਕਰਦੇ ਉਸ ਅਵਸਥਾ ਨੂੰ ਅੰਤ ਤੱਕ ਠੀਕ ਬਣਾਉਣਾ ਹੈ, ਇਵੇਂ ਨਾ ਹੋਵੇ ਕਿ ਪਿਛਾੜੀ ਵਿੱਚ ਵ੍ਰਿਤੀ ਕਿਸੇ ਹੋਰ ਪਾਸੇ ਚਲੀ ਜਾਵੇ। ਯਾਦ ਕਰਨ ਨਾਲ ਹੀ ਪਾਪ ਕੱਟਦੇ ਰਹਿਣਗੇ।

ਤੁਸੀਂ ਬੱਚੇ ਜਾਣਦੇ ਹੋ ਪਵਿੱਤਰਤਾ ਦੀ ਗੱਲ ਵਿੱਚ ਹੀ ਮਿਹਨਤ ਹੈ। ਪੜ੍ਹਾਈ ਵਿੱਚ ਇਤਨੀ ਮਿਹਨਤ ਨਹੀਂ ਹੈ। ਇਸਤੇ ਬੱਚਿਆਂ ਦਾ ਧਿਆਨ ਚੰਗਾ ਚਾਹੀਦਾ ਹੈ। ਤਾਂ ਬਾਬਾ ਕਹਿੰਦੇ ਹਨ ਰੋਜ਼ ਆਪਣੇ ਤੋਂ ਪੁਛੋ ਕਿ- ਅਸੀਂ ਕੋਈ ਬੇਕਾਇਦੇ ਕੰਮ ਤਾਂ ਨਹੀਂ ਕੀਤਾ ਹੈ? ਨਾਮ ਰੂਪ ਵਿੱਚ ਤਾਂ ਨਹੀਂ ਫਸਦਾ ਹਾਂ ? ਕਿਸੇ ਨੂੰ ਵੇਖ ਲਟੂ ਤਾਂ ਨਹੀਂ ਬਣਦਾ ਹਾਂ ? ਕਰਮਿੰਦਰੀਆਂ ਤੋਂ ਕੋਈ ਬੇਕਾਇਦੇ ਕੰਮ ਤਾਂ ਨਹੀਂ ਕਰਦਾ ਹਾਂ ? ਪੁਰਾਣੇ ਪਤਿਤ ਸ਼ਰੀਰ ਨਾਲ ਬਿਲਕੁਲ ਲਵ ਨਹੀਂ ਹੋਣਾ ਚਾਹੀਦਾ। ਉਹ ਵੀ ਦੇਹ - ਅਭਿਮਾਨ ਹੋ ਜਾਂਦਾ ਹੈ। ਅਨਾਸਕਤ ਹੋ ਰਹਿਣਾ ਚਾਹੀਦਾ ਹੈ। ਸੱਚਾ ਪਿਆਰ ਇੱਕ ਨਾਲ, ਬਾਕੀ ਸਭ ਨਾਲ ਅਨਾਸਕਤ ਪਿਆਰ। ਭਾਵੇਂ ਬੱਚੇ ਆਦਿ ਹਨ ਪਰ ਕਿਸੇ ਵਿੱਚ ਵੀ ਅਨਾਸਕਤੀ ਨਾ ਹੋਵੇ। ਜਾਣਦੇ ਹਾਂ ਇਹ ਜੋ ਕੁਝ ਵੀ ਵੇਖਦੇ ਹਾਂ, ਸਭ ਖ਼ਤਮ ਜੋ ਜਾਵੇਗਾ। ਤਾਂ ਉਨ੍ਹਾਂ ਤੋਂ ਪਿਆਰ ਸਾਰਾ ਨਿਕਲ ਜਾਂਦਾ ਹੈ। ਇੱਕ ਵਿੱਚ ਪਿਆਰ ਰਹੇ, ਬਾਕੀ ਨਾਮਾਤਰ, ਅਨਾਸਕਤ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਵ੍ਰਿਤੀ ਨੂੰ ਬਹੁਤ ਸ਼ੁੱਧ, ਪਵਿੱਤਰ ਬਣਾਉਣਾ ਹੈ। ਕੋਈ ਵੀ ਬੇਕਾਇਦੇ ਉਲਟਾ ਕੰਮ ਨਹੀਂ ਕਰਨਾ ਹੈ। ਬਹੁਤ - ਬਹੁਤ ਖ਼ਬਰਦਾਰ ਰਹਿਣਾ ਹੈ। ਬੁੱਧੀ ਕਿੱਥੇ ਵੀ ਲਟਕਾਣੀ ਨਹੀਂ ਹੈ।

2. ਸੱਚਾ ਪਿਆਰ ਇੱਕ ਬਾਪ ਨਾਲ ਰੱਖਣਾ ਹੈ, ਬਾਕੀ ਸਭ ਤੋਂ ਅਨਾਸਕਤ, ਨਾ ਮਾਤਰ ਪਿਆਰ ਹੋ ਆਤਮ - ਅਭਿਮਾਨੀ ਸਟੇਜ ਇਵੇਂ ਦੀ ਬਣਾਉਣੀ ਹੈ ਜੋ ਸ਼ਰੀਰ ਵਿੱਚ ਵੀ ਲਗਾਵ ਨਾ ਰਹੇ।

ਵਰਦਾਨ:- ਸਵਰਾਜ ਦੇ ਸੰਸਕਾਰਾਂ ਦ੍ਵਾਰਾ ਭਵਿੱਖ ਰਾਜ ਅਧਿਕਾਰ ਪ੍ਰਾਪਤ ਕਰਨ ਵਾਲੀ ਤਕਦੀਰਵਾਨ ਆਤਮਾ ਭਵ।

ਬਹੁਤਕਾਲ ਦੇ ਰਾਜ ਅਧਿਕਾਰੀ ਬਣਨ ਦੇ ਸੰਸਕਾਰ ਬਹੁਤ ਕਾਲ ਭਵਿੱਖ ਰਾਜ ਅਧਿਕਾਰੀ ਬਣਾਉਣਗੇ। ਜੇਕਰ ਬਾਰ - ਬਾਰ ਵਸ਼ੀਭੂਤ ਹੁੰਦੇ ਹੋ, ਅਧਿਕਾਰੀ ਬਣਨ ਦੇ ਸੰਸਕਾਰ ਨਹੀਂ ਹਨ ਤਾਂ ਰਾਜ ਅਧਿਕਾਰੀਆਂ ਦੇ ਰਾਜ ਵਿੱਚ ਰਹਿਣਗੇ, ਰਾਜ ਭਾਗ ਪ੍ਰਾਪਤ ਨਹੀਂ ਹੋਵੇਗਾ। ਤਾਂ ਨਾਲੇਜ਼ ਦੇ ਦਰਪਣ ਵਿਚ ਆਪਣੀ ਤਕਦੀਰ ਦੀ ਸੂਰਤ ਨੂੰ ਵੇਖੋ। ਭੂਤ ਸਮੇਂ ਦੇ ਅਭਿਆਸ ਦ੍ਵਾਰਾ ਆਪਣੇ ਵਿਸ਼ੇਸ਼ ਸਹਿਯੋਗੀ ਕਰਮਚਾਰੀ ਅਤੇ ਰਾਜ ਕਾਰੋਬਾਰੀ ਸਾਥੀਆਂ ਨੂੰ ਆਪਣੇ ਅਧਿਕਾਰ ਨਾਲ ਚਲਾਓ। ਰਾਜਾ ਬਣੋ ਤਾਂ ਕਹਾਂਗੇ ਤਕਦੀਰਵਾਨ ਆਤਮਾ ਭਵ।

ਸਲੋਗਨ:- ਸਾਕਾਸ਼ ਦੇਣ ਦੇ ਸੇਵਾ ਕਰਨ ਦੇ ਲਈ ਬੇਹੱਦ ਦੀ ਵੈਰਾਗ ਵ੍ਰਿਤੀ ਨੂੰ ਇਮ੍ਰਜ਼ ਕਰੋ।

******